**ਮਾਡਲ ਪ੍ਰਸ਼ਨ ਪੱਤਰ**

**ਵਿਸ਼ਾ-ਇਤਿਹਾਸ**

**ਸ੍ਰੇਣੀ-XII**

**ਸਮਾਂ: 3 ਘੰਟੇ** **ਲਿਖਤੀ: 80 ਅੰਕ**

**ਆਂਤਰਿਕ ਮੁਲਾਂਕਣ: 20 ਅੰਕ**

**ਕੁੱਲ: 100 ਅੰਕ**

**ਪ੍ਰਸ਼ਨ ਪੱਤਰ ਦੀ ਰੂਪ - ਰੇਖਾ**

1. ਸਾਰੇ ਪ੍ਰਸ਼ਨ ਜ਼ਰੂਰੀ ਹਨ।

2. ਪ੍ਰਸ਼ਨ ਪੱਤਰ ਦੇ ਛੇ ਭਾਗ ਹੋਣਗੇ, ਜਿੰਨਾਂ ਦੇ ਅੱਗੇ ਉਪ-ਭਾਗ ਹੋਣਗੇ । ਪ੍ਰਸ਼ਨ ਪੱਤਰ ਵਿੱਚ ਹੇਠ ਲਿਖੇ ਭਾਗ ਸ਼ਾਮਿਲ ਹੋਣਗੇ

**ਭਾਗ-ੳ**

1. **ਬਹੁ-ਚੋਣਵੇਂ ਪ੍ਰਸ਼ਨ** : ਇਸ ਭਾਗ ਵਿੱਚ ਬਹੁ-ਵਿਕਲਪੀ ਉੱਤਰਾਂ ਵਾਲੇ ਪ੍ਰਸ਼ਨ ਸ਼ਾਮਿਲ ਹੋਣਗੇ । ਇਸ ਭਾਗ ਦੇ 20 ਉਪ-ਭਾਗ (ਪ੍ਰਸ਼ਨ ਨੰ. 1-20) ਹੋਣਗੇ ਅਤੇ ਹਰ ਪ੍ਰਸ਼ਨ ਦਾ ਇੱਕ ਅੰਕ ਹੋਵੇਗਾ। **20×1=20**

**ਭਾਗ-ਅ**

2. **ਵਸਤੂਨਿਸ਼ਠ ਪ੍ਰਸ਼ਨ** : ਇਸ ਭਾਗ ਵਿੱਚ ਖਾਲ਼ੀ ਥਾਵਾਂ/ਸਹੀ ਜਾਂ ਗਲ਼ਤ ਵਾਲੇ ਪ੍ਰਸ਼ਨ ਸ਼ਾਮਿਲ ਹੋਣਗੇ । ਇਸ ਭਾਗ ਦੇ 10 ਉਪ-ਭਾਗ (ਪ੍ਰਸ਼ਨ ਨੰ. 1-10) ਹੋਣਗੇ ਅਤੇ ਹਰ ਪ੍ਰਸ਼ਨ ਦਾ ਇੱਕ ਅੰਕ ਹੋਵੇਗਾ। **10×1=10**

**ਭਾਗ-ੲ**

3. **ਛੋਟੇ ਉੱਤਰਾਂ ਵਾਲੇ ਪ੍ਰਸ਼ਨ** : ਇਸ ਭਾਗ ਦੇ 8 ਉਪ-ਭਾਗ (ਪ੍ਰਸ਼ਨ ਨੰ. 1-8) ਹੋਣਗੇ ਅਤੇ ਹਰ ਪ੍ਰਸ਼ਨ ਦੇ ਤਿੰਨ ਅੰਕ ਹੋਣਗੇ। ਹਰ ਪ੍ਰਸ਼ਨ ਦਾ ਉੱਤਰ 35-40 ਸ਼ਬਦਾਂ ਵਿੱਚ ਦੇਣਾ ਜ਼ਰੂਰੀ ਹੋਵੇਗਾ। 8 ਪ੍ਰਸ਼ਨਾਂ ਵਿੱਚੋਂ 5 ਪ੍ਰਸ਼ਨ ਕਰਨੇ ਜ਼ਰੂਰੀ ਹੋਣਗੇ। **5×3=15**

**ਭਾਗ-ਸ**

4. **ਸ੍ਰੋਤ ਅਧਾਰਿਤ ਪ੍ਰਸ਼ਨ** : ਇਸ ਭਾਗ ਦੇ 2 ਉਪ-ਭਾਗ (ਪ੍ਰਸ਼ਨ ਨੰ. 1-2) ਹੋਣਗੇ ( ਦਿੱਤੇ ਗਏ ਪੈਰ੍ਹੇ 'ਤੇ ਅਧਾਰਿਤ ਪ੍ਰਸ਼ਨ ) ਅਤੇ ਹਰ ਉਪ-ਭਾਗ ਦੇ ਪੰਜ ਅੰਕ ਹੋਣਗੇ। **2×5=10**

**ਭਾਗ-ਹ**

5. **ਵੱਡੇ ਉੱਤਰਾਂ ਵਾਲੇ ਪ੍ਰਸ਼ਨ** : ਇਸ ਭਾਗ ਦੇ 4 ਉਪ-ਭਾਗ (ਪ੍ਰਸ਼ਨ ਨੰ. 1-4) ਹੋਣਗੇ ਅਤੇ ਹਰ ਪ੍ਰਸ਼ਨ ਦੇ ਪੰਜ ਅੰਕ ਹੋਣਗੇ। ਹਰ ਪ੍ਰਸ਼ਨ ਦਾ ਉੱਤਰ 100-150 ਸ਼ਬਦਾਂ ਵਿੱਚ ਦੇਣਾ ਜ਼ਰੂਰੀ ਹੋਵੇਗਾ। 4 ਪ੍ਰਸ਼ਨਾਂ ਵਿੱਚੋਂ 2 ਪ੍ਰਸ਼ਨ ਕਰਨੇ ਜ਼ਰੂਰੀ ਹੋਣਗੇ। . **2×5= 10**

**ਭਾਗ-ਕ**

6. **ਨਕਸ਼ੇ ਨਾਲ਼ ਸੰਬੰਧਿਤ ਪ੍ਰਸ਼ਨ** :ਇਸ ਭਾਗ ਵਿੱਚ ਨਕਸ਼ੇ ਨਾਲ਼ ਸੰਬੰਧਿਤ ਇੱਕ ਪ੍ਰਸ਼ਨ ਹੋਵੇਗਾ। ਕੁੱਲ 15 ਅੰਕ ਹੋਣਗੇ। 10 ਅੰਕ 5 ਸਥਾਨ ਦਿਖਾਉਣ ਲਈ ਅਤੇ 5 ਅੰਕ ਉਨ੍ਹਾਂ ਸਥਾਨਾਂ ਦੀ ਵਿਆਖਿਆ ਕਰਨ ਦੇ ਹੋਣਗੇ (20-25 ਸ਼ਬਦਾਂ ਵਿੱਚ ) । ਨਕਸ਼ੇ ਵਿੱਚ 100% ਆਂਤਰਿਕ ਛੋਟ ਹੋਵੇਗੀ । **10+5 =15**

**(ਭਾਗ-ੳ )** **20 ਅੰਕ**

**ਬਹੁ-ਵਿਕਲਪੀ ਪ੍ਰਸ਼ਨ- (ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ)**

1. ਯੂਨਾਨੀਆਂ ਨੇ ਪੰਜਾਬ ਨੂੰ ਕੀ ਨਾਂ ਦਿੱਤਾ ?

ੳ. ਪੈਂਟਾਪੋਟਾਮੀਆ ਅ. ਪੰਚਨਦ ੲ. ਸਪਤ ਸਿੰਧੂ ਸ. ਲਾਹੌਰ ਰਾਜ 1

2. ਆਦਿ ਗ੍ਰੰਥ ਸਾਹਿਬ ਜੀ ਦਾ ਸੰਕਲਨ ਕਦੋਂ ਕੀਤਾ ਗਿਆ ?

ੳ. 1604 ਈ. ਅ. 1602 ਈ. ੲ. 1606 ਈ. ਸ. 1608 ਈ. 1

3. ਦੌਲਤ ਖਾਂ ਲੋਧੀ ਕਿਸ ਰਾਜ ਦਾ ਸੁਤੰਤਰ ਸ਼ਾਸਕ ਬਣਨਾ ਚਹੁੰਦਾ ਸੀ ?

ੳ. ਮਗਧ ਅ. ਦਿੱਲੀ ੲ. ਪੰਜਾਬ ਸ. ਗੁਜਰਾਤ 1

4. ਗੁਰੂ ਨਾਨਕ ਦੇਵ ਜੀ ਦੀ ਬਗ਼ਦਾਦ ਵਿਖੇ ਕਿਸ ਨਾਲ ਮੁਲਾਕਾਤ ਹੋਈ ?

ੳ. ਸੱਜਣ ਠੱਗ ਅ. ਸ਼ੇਖ਼ ਬਹਿਲੋਲ ੲ. ਬਾਬਰ ਸ. ਚੈਤੰਨਿਆ ਮਹਾਂਪ੍ਰਭੂ 1

5. ਗੁਰੂ ਅਮਰਦਾਸ ਜੀ ਨੇ ਕੁੱਲ ਕਿੰਨੀਆਂ ਮੰਜੀਆਂ ਦੀ ਸਥਾਪਨਾ ਕੀਤੀ ?

ੳ. 20 ਅ. 24 ੲ. 26 ਸ. 22 1

6. ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਕਿਸ ਮੁਗ਼ਲ ਬਾਦਸ਼ਾਹ ਦੇ ਆਦੇਸ਼ ’ਤੇ ਹੋਈ ?

ੳ. ਜਹਾਂਗੀਰ ਅ. ਬਾਬਰ ੲ. ਸ਼ਾਹਜਹਾਂ ਸ. ਔਰੰਗਜ਼ੇਬ 1

7. ਗੁਰੂ ਹਰਗੋਬਿੰਦ ਜੀ ਦੇ ਪਿਤਾ ਜੀ ਦਾ ਨਾਂ ਕੀ ਸੀ ?

ੳ. ਗੁਰੂ ਅਰਜਨ ਦੇਵ ਜੀ ਅ. ਗੁਰੂ ਰਾਮਦਾਸ ਜੀ ੲ. ਗੁਰੂ ਹਰਿ ਰਾਇ ਜੀ ਸ. ਗੁਰੂ ਅਮਰਦਾਸ ਜੀ 1

8. ਚੱਕ ਨਾਨਕੀ ਬਾਅਦ ਵਿੱਚ ਕਿਸ ਨਾਂ ਨਾਲ ਪ੍ਰਸਿੱਧ ਹੋਇਆ ?

ੳ. ਅਨੰਦਪੁਰ ਸਾਹਿਬ ਅ. ਕੀਰਤਪੁਰ ਸਾਹਿਬ ੲ. ਚਮਕੌਰ ਸਾਹਿਬ ਸ. ਗੋਇੰਦਵਾਲ ਸਾਹਿਬ 1

9. ‘ਬਚਿੱਤਰ ਨਾਟਕ’ ਕਿਸ ਗੁਰੂ ਸਾਹਿਬ ਦੀ ਰਚਨਾ ਹੈ ?

ੳ. ਗੁਰੂ ਤੇਗ਼ ਬਹਾਦਰ ਜੀ ਅ. ਗੁਰੂ ਗੋਬਿੰਦ ਸਿੰਘ ਜੀ ੲ. ਗੁਰੂ ਅਰਜਨ ਦੇਵ ਜੀ ਸ. ਗੁਰੂ ਹਰਿ ਰਾਇ ਜੀ 1

10. ਵਜ਼ੀਰ ਖ਼ਾਂ ਕਿੱਥੋਂ ਦਾ ਮੁਗ਼ਲ ਸੂਬੇਦਾਰ ਸੀ ?

ੳ. ਸਮਾਣਾ ਅ. ਸੋਨੀਪਤ ੲ. ਸਰਹਿੰਦ ਸ. ਗੁਰਦਾਸ ਨੰਗਲ 1

11. ਨਾਦਰ ਸ਼ਾਹ ਕਿੱਥੋਂ ਦਾ ਸ਼ਾਸਕ ਸੀ ?

ੳ. ਅਫ਼ਗਾਨਿਸਤਾਨ ਅ. ਈਰਾਕ ੲ. ਬਲੋਚਿਸਤਾਨ ਸ. ਈਰਾਨ 1

12. ਨਵਾਬ ਕਪੂਰ ਸਿੰਘ ਨੇ ਦਲ ਖ਼ਾਲਸਾ ਦੀ ਸਥਾਪਨਾ ਕਿੱਥੇ ਕੀਤੀ ?

ੳ. ਲਾਹੌਰ ਅ. ਅੰਮ੍ਰਿਤਸਰ ੲ. ਤਰਨਤਾਰਨ ਸ. ਅਟਾਰੀ 1

13. ਮੁਗ਼ਲਕਾਲੀਨ ਪੰਜਾਬ ਵਿੱਚ ਚਾਂਦੀ ਦੇ ਸਿੱਕੇ ਨੂੰ ਕੀ ਕਿਹਾ ਜਾਂਦਾ ਸੀ ?

ੳ. ਦਾਮ ਅ. ਸਿੱਕਾ ੲ. ਰੁਪਿਆ ਸ. ਮੁਦਰਾ 1

14. ਅਹਿਮਦ ਸ਼ਾਹ ਅਬਦਾਲੀ ਨੇ ਪੰਜਾਬ ਉੱਪਰ ਕਿੰਨੇ ਹਮਲੇ ਕੀਤੇ ?

ੳ. ਸੱਤ    ਅ. ਪੰਜ    ੲ. ਸਤਾਰ੍ਹਾਂ    ਸ. ਅੱਠ    1

15. ਭੰਗੀ ਮਿਸਲ ਦਾ ਸੰਸਥਾਪਕ ਕੌਣ ਸੀ ?

ੳ. ਹਰੀ ਸਿੰਘ    ਅ. ਛੱਜਾ ਸਿੰਘ.    ੲ. ਗੁਲਾਬ ਸਿੰਘ    ਸ. ਭੀਮ ਸਿੰਘ    1

16. ਹਜ਼ਰੋ ਜਾਂ ਹੈਦਰੋ ਦੀ ਲੜਾਈ ਕਦੋਂ ਹੋਈ ?

ੳ. 1809 ਈ.    ਅ. 1811 ਈ.    ੲ. 1813 ਈ.    ਸ. 1814 ਈ.    1

17. ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਪਰਗਨੇ ਦੇ ਮੁੱਖ ਅਧਿਕਾਰੀ ਨੂੰ ਕੀ ਕਹਿੰਦੇ ਸਨ ?

ੳ. ਨਾਜ਼ਿਮ    ਅ. ਕਾਰਦਾਰ    ੲ. ਸੂਬੇਦਾਰ    ਸ. ਕੋਤਵਾਲ    1

18. ਮਹਾਰਾਜਾ ਰਣਜੀਤ ਸਿੰਘ ਨੂੰ ਕਿਸ ਘੋੜੇ ਨਾਲ ਵਿਸ਼ੇਸ਼ ਪਿਆਰ ਸੀ ?

ੳ. ਲੈਲੀ    ਅ. ਸ਼ੈਲੀ    ੲ. ਚੇਤਕ    ਸ. ਉਪਰੋਕਤ ਸਾਰੇ    1

19. ਪਹਿਲੇ ਐਂਗਲੋ-ਸਿੱਖ ਯੁੱਧ ਸਮੇਂ ਭਾਰਤ ਦਾ ਗਵਰਨਰ-ਜਨਰਲ ਕੌਣ ਸੀ ?

ੳ. ਲਾਰਡ ਡਲਹੌਜ਼ੀ    ਅ. ਲਾਰਡ ਹਾਰਡਿੰਗ    ੲ. ਲਾਰਡ ਰਿਪਨ    ਸ. ਲਾਰਡ ਡਫ਼ਰਿਨ    1

20. ਦੂਸਰਾ ਐਂਗਲੋ-ਸਿੱਖ ਯੁੱਧ ਕਿਸ ਲੜਾਈ ਨਾਲ ਖਤਮ ਹੋਇਆ ?

ੳ. ਚਿਲਿਆਂਵਾਲਾ    ਅ. ਮੁਲਤਾਨ    ੲ. ਰਾਮਨਗਰ    ਸ. ਗੁਜਰਾਤ    1

**(ਭਾਗ-ਅ)**    **10 ਅੰਕ**

**ਵਸਤੂਨਿਸ਼ਠ ਪ੍ਰਸ਼ਨ- (ਸਾਰੇ ਪ੍ਰਸ਼ਨ ਕਰਨ ਜ਼ਰੂਰੀ ਹਨ)**

**ਖ਼ਾਲੀ ਥਾਂਵਾਂ ਭਰੋ -**

1. ਬਾਰੀ ਦੁਆਬ ਨੂੰ----------ਵੀ ਕਿਹਾ ਜਾਂਦਾ ਹੈ।    1
2. ਗੁਰੂ ਰਾਮਦਾਸ ਜੀ ਦਾ ਮੁਢਲਾ ਨਾਂ--------------ਸੀ।    1
3. ਗੁਰੂ ਹਰਿ ਰਾਏ ਜੀ ਦੇ ਪਿਤਾ ਜੀ ਦਾ ਨਾਂ------------ਸੀ।    1
4. ਜਸਵੰਤ ਰਾਓ ਹੋਲਕਰ----------ਈ. ਵਿੱਚ ਪੰਜਾਬ ਆਇਆ।    1
5. ਮੱਸਾ ਰੰਗੜ-----------ਪਿੰਡ ਦਾ ਚੌਧਰੀ ਸੀ।    1

**ਠੀਕ ਜਾਂ ਗਲਤ ਦੀ ਚੋਣ ਕਰੋ -**

6. ਗੁਰੂ ਤੇਗ਼ ਬਹਾਦਰ ਜੀ ਦਾ ਮੁਢਲਾ ਨਾਂ ਤਿਆਗ ਮੱਲ ਸੀ।    1
7. ਤੈਮੂਰ ਸ਼ਾਹ ਬਾਬਰ ਦਾ ਪੁੱਤਰ ਸੀ।    1
8. ਮਹਾਰਾਜਾ ਰਣਜੀਤ ਸਿੰਘ ਆਪਣੇ ਆਪ ਨੂੰ ਸਿੱਖ ਪੰਥ ਦਾ ਕੂਕਰ ਸਮਝਦੇ ਸਨ।    1
9. ਦੀਵਾਨ ਦੀਨਾ ਨਾਥ ਮਹਾਰਾਜਾ ਰਣਜੀਤ ਸਿੰਘ ਦਾ ਵਿਦੇਸ਼ ਮੰਤਰੀ ਸੀ।    1
10. ਤੁਜ਼ਕ-ਏ-ਜਹਾਂਗੀਰੀ ਦਾ ਲੇਖਕ ਬਾਬਰ ਸੀ।    1

**(ਭਾਗ-ੲ)** **15 ਅੰਕ**

**ਛੋਟੇ ਉੱਤਰਾਂ ਵਾਲੇ ਪ੍ਰਸ਼ਨ - (ਕੋਈ ਪੰਜ ਪ੍ਰਸ਼ਨ ਕਰੋ)**

1. ਪੰਜਾਬ ਨੂੰ ਭਾਰਤ ਦਾ ਪ੍ਰਵੇਸ਼ ਦੁਆਰ ਕਿਉਂ ਕਿਹਾ ਜਾਂਦਾ ਹੈ ? 3
2. ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਦੇ ਕੀ ਉਦੇਸ਼ ਸਨ ? 3
3. ਮੀਰੀ ਅਤੇ ਪੀਰੀ ਤੋਂ ਕੀ ਭਾਵ ਹੈ ? 3
4. ਸਰਹਿੰਦ ਦੀ ਜਿੱਤ ਦਾ ਸੰਖੇਪ ਵਿੱਚ ਵਰਨਣ ਕਰੋ ? 3
5. ਦਲ਼ ਖਾਲਸਾ ਦੀ ਉਤਪਤੀ ਦੇ ਤਿੰਨ ਮੁੱਖ ਕਾਰਨ ਕੀ ਸਨ ? 3
6. ਦੂਜੇ ਜਾਂ ਵੱਡੇ ਘੱਲੂਘਾਰੇ ’ਤੇ ਸੰਖੇਪ ਨੋਟ ਲਿਖੋ ? 3
7. ਮੁਦਕੀ ਦੀ ਲੜਾਈ ’ਤੇ ਸੰਖੇਪ ਨੋਟ ਲਿਖੋ ? 3
8. ਮਹਾਰਾਜਾ ਰਣਜੀਤ ਸਿੰਘ ਦਾ ਆਪਣੀ ਪਰਜਾ ਪ੍ਰਤੀ ਕਿਹੋ ਜਿਹਾ ਵਤੀਰਾ ਸੀ ? 3

**(ਭਾਗ-ਸ)** **10 ਅੰਕ**

**ਸ੍ਰੋਤ ਅਧਾਰਿਤ ਪ੍ਰਸ਼ਨ-**

1. ਪੰਜ ਦਰਿਆਵਾਂ ਦੀ ਧਰਤੀ ਪੰਜਾਬ ਨੂੰ ਭਾਰਤੀ ਸੰਸਕ੍ਰਿਤੀ ਅਤੇ ਸਭਿਅਤਾ ਦੀ ਜਨਮ ਭੂਮੀ ਕਿਹਾ ਜਾਂਦਾ ਹੈ।ਅੱਜ ਤੋਂ ਲਗਭੱਗ 4 ਹਜ਼ਾਰ ਤੋਂ 5ਹਜ਼ਾਰ ਸਾਲ ਪਹਿਲਾਂ ਪੰਜਾਬ ਦੇ ਆਲੇ ਦੁਆਲੇ ਦੇ-ਪ੍ਰਦੇਸ਼ਾਂ ਵਿੱਚ ਸਿੰਧ ਘਾਟੀ ਦੀ ਸਭਿਅਤਾ ਜਾਂ ਹੜੱਪਾ ਸੱਭਿਅਤਾ ਦਾ ਜਨਮ ਹੋਇਆ, ਜੋ ਸੰਸਾਰ ਦੀਆਂ ਪ੍ਰਾਚੀਨ ਸਭਿਆਤਾਵਾਂ ਵਿੱਚੋਂ ਇੱਕ ਮੰਨੀ ਜਾਂਦੀ ਹੈ । ਰਮਾਇਣ ਅਤੇ ਮਹਾਂਭਾਰਤ ਦੇ ਮਹਾਨ ਪਾਤਰਾਂ ਦਾ ਸੰਬੰਧ ਵੀ ਪੰਜਾਬ ਨਾਲ ਸੀ। ਮਹਾਂਭਾਰਤ ਦਾ ਯੁੱਧ ਇਸੇ ਧਰਤੀ ਉੱਤੇ ਲੜਿਆ ਗਿਆ ਹੈ ਜਿਸ ਵਿੱਚ ਸ੍ਰੀ ਕਿਸ਼ਨ ਜੀ ਨੇ ਗੀਤਾ ਦਾ ਉਪਦੇਸ਼ ਦਿੱਤਾ ਸੀ । ਪੰਜਾਬ ਵਿੱਚ ਸੰਸਾਰ ਪ੍ਰਸਿੱਧ ਤਕਸ਼ਿਲਾ ਵਿਸ਼ਵ ਵਿਦਿਆਲਾ ਅਤੇ ਗੰਧਾਰ ਕਲਾ ਦੇ ਪ੍ਰਮੁੱਖ ਕੇਂਦਰ ਸਥਿਤ ਸਨ। ਅਰਥਸ਼ਾਸਤਰ ਦੇ ਲੇਖਕ ਕੋਟਿਲਯ, ਸੰਸਕ੍ਰਿਤ ਵਿਆਕਰਨ ਦੇ ਮਹਾਨ ਵਿਦਵਾਨ ਪਾਣਿਨੀ ਅਤੇ ਪ੍ਰਸਿੱਧ ਚਿਕਿਤਸਕ ਚਰਕ ਪੰਜਾਬ ਨਾਲ ਹੀ ਸਬੰਧ ਰੱਖਦੇ ਸਨ । ਭਾਰਤ ਦੇ ਰਾਜਨੀਤਕ ਇਤਿਹਾਸ ਦਾ ਨਿਰਮਾਣ ਵੀ ਕਿਸੇ ਹੱਦ ਤੱਕ ਪੰਜਾਬ ਵਿਚ ਹੀ ਹੋਇਆ। ਪੰਜਾਬ ਦੀ ਆਰਥਿਕ ਸਥਿਤੀ ਦੇ ਕਾਰਨ ਸਾਰੇ ਵਿਦੇਸ਼ੀ ਹਮਲਾਵਰ ਪੰਜਾਬ ਦੀ ਉਤਰ ਏ ਸਨਪੱਛਮੀ ਸੀਮਾ ਤੋਂ ਹੋ ਕੇ ਪੰਜਾਬ ਵਿੱਚ ਆ-। ਚੰਦਰ ਗੁਪਤ ਮੌਰੀਆ ਅਤੇ ਹਰਸ਼ ਵਰਧਨ ਜਿਹੇ ਰਾਜਿਆਂ ਨੇ ਪੰਜਾਬ ਤੋਂ ਹੀ ਆਪਣੀਆਂ ਜਿੱਤਾਂ ਦੀ ਮੁਹਿੰਮ ਆਰੰਭ ਕੀਤੀ ਅਤੇ ਵਿਸ਼ਾਲ ਅਤੇ ਸ਼ਕਤੀਸ਼ਾਲੀ ਸਾਮਰਾਜ ਦੀ ਸਥਾਪਨਾ ਕੀਤੀ।

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ-**

1. ਹੜੱਪਾ ਸੱਭਿਅਤਾ ਦਾ ਜਨਮ ਕਿਸ ਧਰਤੀ ’ਤੇ ਹੋਇਆ ? 1
2. ਕਿਹੜੇ ਮਹਾਂਕਾਵਾਂ ਦੇ ਪਾਤਰਾਂ ਦਾ ਸੰਬੰਧ ਪੰਜਾਬ ਨਾਲ ਸੀ ? 1
3. ਸ੍ਰੀ ਕ੍ਰਿਸ਼ਨ ਨੇ ਗੀਤਾ ਦਾ ਉਪਦੇਸ਼-------ਦੀ ਧਰਤੀ ’ਤੇ ਦਿੱਤਾ ? 1
4. ਭਾਰਤ ’ਤੇ ਹਮਲੇ ਕਰਨ ਵਾਲੇ ਵਿਦੇਸ਼ੀ ਹਮਲਾਵਰ ਪੰਜਾਬ ਵਿੱਚ ਕਿਸ ਪਾਸੇ ਤੋਂ ਦਾਖਲ ਹੁੰਦੇ ਸਨ ? 1
5. ਪਾਇਨੀ ਕਿਸ ਵਿਸ਼ੇ ਦਾ ਵਿਦਵਾਨ ਸੀ ? 1

2. ਗੁਰੂ ਗੋਬਿੰਦ ਸਿੰਘ ਜੀ ਨੇ 1699 ਈ. ਨੂੰ ਵਿਸਾਖੀ ਵਾਲੇ ਦਿਨ ਅਨੰਦਪੁਰ ਸਾਹਿਬ ਵਿਖੇ ਇੱਕ ਵੱਡਾ ਇਕੱਠ ਕੀਤਾ। ਇਸ ਦੀਵਾਨ ਵਿੱਚ ਵੱਖ-ਵੱਖ ਥਾਵਾਂ ਤੋਂ ਲਗਭਗ 80,000 ਵਿਅਕਤੀਆਂ ਨੇ ਭਾਗ ਲਿਆ। ਜਦੋਂ ਸਭ ਲੋਕ ਆਪਣੀ-ਆਪਣੀ ਜਗ੍ਹਾ 'ਤੇ ਬੈਠ ਗਏ ਤਾਂ ਗੁਰੂ ਜੀ ਨੇ ਆਪਣੀ ਤਲਵਾਰ ਮਿਆਨ ਵਿੱਚੋਂ ਕੱਢ ਕੇ ਕਿਹਾ , ' ਕੀ ਤੁਹਾਡੇ ਵਿੱਚ ਕੋਈ ਅਜਿਹਾ ਵਿਅਕਤੀ ਹੈ ਜੋ ਧਰਮ ਲਈ ਆਪਣਾ ਸੀਸ ਭੇਂਟ ਕਰ ਸਕੇ ?' ਇਹ ਸੁਣਦੇ ਹੀ ਦੀਵਾਨ ਵਿੱਚ ਸੰਨਾਟਾ ਛਾ ਗਿਆ। ਪਰ ਗੁਰੂ ਜੀ ਨੇ ਜਦੋਂ ਤੀਸਰੀ ਵਾਰ ਇਹ ਵਾਕ ਦੁਹਰਾਇਆ ਤਾਂ ਦਇਆ ਰਾਮ ਜੋ ਕਿ ਜਾਤ ਦਾ ਖੱਤਰੀ ਸੀ, ਉਹ ਆਪਣਾ ਬਲਿਦਾਨ ਦੇਣ ਲਈ ਅੱਗੇ ਆਇਆ। ਗੁਰੂ ਜੀ ਉਸ ਨੂੰ ਨੇੜੇ ਦੇ ਤੰਬੂ ਵਿੱਚ ਲੈ ਗਏ ਅਤੇ ਖ਼ੂਨ ਨਾਲ ਲਿਬੜੀ ਹੋਈ ਤਲਵਾਰ ਲੈ ਕੇ ਬਾਹਰ ਆਏ। ਉਨ੍ਹਾਂ ਨੇ ਤੰਬੂ ਤੋਂ ਬਾਹਰ ਆ ਕੇ ਇੱਕ ਹੋਰ ਸਿਰ ਦੀ ਮੰਗ ਕੀਤੀ। ਹੁਣ ਦਿੱਲੀ ਦਾ ਇੱਕ ਜੱਟ ਧਰਮ ਦਾਸ ਗੁਰੂ ਸਾਹਿਬ ਕੋਲ ਆਇਆ , ਗੁਰੂ ਜੀ ਉਸ ਨੂੰ ਵੀ ਤੰਬੂ ਵਿੱਚ ਲੈ ਗਏ ਅਤੇ ਖ਼ੂਨ ਨਾਲ ਲਿਬੜੀ ਹੋਈ ਤਲਵਾਰ ਲੈ ਕੇ ਬਾਹਰ ਆ ਗਏ। ਇਸ ਤਰ੍ਹਾਂ ਵਾਰੀ-ਵਾਰੀ ਗੁਰੂ ਜੀ ਨੇ ਹੋਰ ਤਿੰਨ ਸੀਸ ਮੰਗੇ। ਤਿੰਨ ਸੀਸ ਦੇਣ ਲਈ ਮੋਹਕਮ ਚੰਦ, ਸਾਹਿਬ ਚੰਦ ਅਤੇ ਹਿੰਮਤ ਰਾਏ ਵਾਰੀ-ਵਾਰੀ ਗੁਰੂ ਜੀ ਕੋਲ ਆਏ। ਹਰ ਇੱਕ ਨੂੰ ਗੁਰੂ ਜੀ ਤੰਬੂ ਦੇ ਅੰਦਰ ਲੈ ਗਏ ਤੇ ਨੰਗੀ ਤਲਵਾਰ ਲੈ ਕੇ ਬਾਹਰ ਆ ਜਾਂਦੇ ਸਨ। ਬਾਅਦ ਵਿੱਚ ਉਹਨਾਂ ਪੰਜਾਂ ਨੂੰ ਅੰਮ੍ਰਿਤ ਛਕਾਇਆ ਗਿਆ। ਉਹਨਾਂ ਨੂੰ 'ਪੰਜ ਪਿਆਰੇ' ਕਿਹਾ ਗਿਆ। ਉਹਨਾਂ ਨੂੰ 'ਖੰਡੇ ਦਾ ਪਾਹੁਲ' ਛਕਾ ਕੇ ਉਹਨਾਂ ਤੋਂ ਗੁਰੂ ਜੀ ਨੇ ਆਪ ਪਾਹੁਲ ਛਕਿਆ, ਇਸ ਕਰਕੇ ਉਹ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਕਹਾਉਣ ਲੱਗੇ। ਉਹਨਾਂ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਪਿਲਾਉਣ ਪਿੱਛੋਂ 'ਖ਼ਾਲਸਾ' ਦਾ ਨਾਂ ਦਿੱਤਾ, ਜਿਸ ਦਾ ਅਰਥ ਹੈ 'ਸ਼ੁੱਧ' ਭਾਵ ਉਹ ਸ਼ੁੱਧ ਹੋ ਚੁੱਕੇ ਸਨ। ਉਹਨਾਂ ਨੇ ਕਿਹਾ ਖ਼ਾਲਸਾ ਗੁਰੂ ਵਿੱਚ ਹੈ ਅਤੇ ਗੁਰੂ ਖ਼ਾਲਸੇ ਵਿੱਚ। ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ 'ਆਪੇ ਗੁਰੂ ਚੇਲਾ' ਅਖਵਾਏ।

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ-**

1. ' ਖ਼ਾਲਸਾ ' ਸ਼ਬਦ ਤੋਂ ਕੀ ਭਾਵ ਹੈ ? 1
2. ਗੁਰੂ ਜੀ ਨੂੰ ਸਭ ਤੋ ਪਹਿਲਾਂ ਸੀਸ ਕਿਸਨੇ ਭੇਂਟ ਕੀਤਾ ? 1
3. ਸੀਸ ਭੇਂਟ ਕਰਨ ਵਾਲਿਆਂ ਨੂੰ ਸਮੂਹਿਕ ਰੂਪ ਵਿੱਚ ਕੀ ਨਾਮ ਦਿੱਤਾ ਗਿਆ ? 1
4. ' ਆਪੇ ਗੁਰੂ ਚੇਲਾ ' ਕਿਸਨੂੰ ਕਿਹਾ ਜਾਂਦਾ ਹੈ ? 1
5. ਹੇਠ ਲਿਖਿਆਂ ਵਿੱਚੋਂ ਕਿਸ ਨੇ ਧਰਮ ਲਈ ਸੀਸ ਭੇਂਟ ਕੀਤਾ ? 1

   ੳ. ਧਰਮ ਦਾਸ　　ਅ. ਮੋਹਕਮ ਚੰਦ　　ੲ. ਸਾਹਿਬ ਚੰਦ　　ਸ. ਉਪਰੋਕਤ ਸਾਰੇ

**(ਭਾਗ-ਹ)** **10 ਅੰਕ**

**ਵੱਡੇ ਉੱਤਰਾਂ ਵਾਲੇ ਪ੍ਰਸ਼ਨ - ( ਕੋਈ ਦੋ ਪ੍ਰਸ਼ਨ ਕਰੋ)**

1. ਪੰਜਾਬ ਦੇ ਇਤਿਹਾਸਕ ਸਰੋਤਾਂ ਦੀ ਉਸਾਰੀ ਕਰਦੇ ਸਮੇਂ ਦਰਪੇਸ਼ ਮੁਸ਼ਕਲਾਂ ਬਾਰੇ ਦੱਸੋ ? 5
2. ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੇ ਕਾਰਨਾਂ ਬਾਰੇ ਤੁਸੀਂ ਕੀ ਜਾਣਦੇ ਹੋ ? 5
3. ਕੀ ਲਾਰਡ ਡਲਹੌਜ਼ੀ ਦੁਆਰਾ ਪੰਜਾਬ ਨੂੰ ਬ੍ਰਿਟਿਸ਼ ਸਾਮਰਾਜ ਵਿੱਚ ਮਿਲਾਉਣਾ ਜਾਇਜ਼ ਸੀ ?
   ਆਪਣੇ ਉੱਤਰ ਦੇ ਹੱਕ ਵਿਚ ਦਲੀਲਾਂ ਦਿਓ । 5
4. ਮੀਰ ਮੰਨੂੰ ਦੀ ਸਿੱਖਾਂ ਵਿਰੁੱਧ ਅਸਫ਼ਲਤਾ ਦੇ ਕੋਈ ਪੰਜ ਕਾਰਨਾਂ ਦਾ ਵਰਨਣ ਕਰੋ ? 5

**(ਭਾਗ-ਕ)** **15 ਅੰਕ**

**ਨਕਸ਼ਾ -**

| | |
|---|---|
| (ੳ) ਦਿੱਤੇ ਗਏ ਪੰਜਾਬ ਦੇ ਨਕਸ਼ੇ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੀਆਂ ਪੰਜ ਲੜਾਈਆਂ ਦੇ ਸਥਾਨ ਦਿਖਾਓ। | 10 |
| (ਅ) ਦਿਖਾਏ ਗਏ ਹਰੇਕ ਸਥਾਨ ਦੀ 20-25 ਸ਼ਬਦਾਂ ਵਿਚ ਵਿਆਖਿਆ ਵੀ ਕਰੋ । | 5 |
| **ਜਾਂ** | |
| (ੳ) ਦਿੱਤੇ ਗਏ ਪੰਜਾਬ ਦੇ ਨਕਸ਼ੇ ਵਿੱਚ ਪਹਿਲੇ ਐਂਗਲੋ-ਸਿੱਖ ਯੁੱਧ ਦੀਆਂ ਲੜਾਈਆਂ ਦੇ ਸਥਾਨ ਦਿਖਾਓ। | 10 |
| (ਅ) ਦਿਖਾਏ ਗਏ ਹਰੇਕ ਸਥਾਨ ਦੀ 20-25 ਸ਼ਬਦਾਂ ਵਿਚ ਵਿਆਖਿਆ ਵੀ ਕਰੋ। | 5 |